**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
2. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ

ਮੀਮੋ ਨੰ ਸਸਅ/ਐਸ.ਓ./23962-63
ਮਿਤੀ ਚੰਡੀਗੜ੍ਹ 4 **ਫਰਵਰੀ**, 2010

**ਵਿਸ਼ਾ** **ਅਸਿਸਟੈਂਟ ਬਲਾਕ ਕੋਆਰਡੀਨੇਟਰ ਅਤੇ ਬਲਾਕ ਆਫਿਸ ਅਸਿਸਟੈਂਟ ਦੇ ਕੰਮਾਂ ਸਬੰਧੀ ।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰ ਐਸ.ਓ./09/79899 ਮਿਤੀ 15.12.2009 ਜਿਸ ਦੇ ਰਾਹੀਂ ਆਪ ਜੀ ਨੂੰ ਅਸਿਸਟੈਂਟ ਬਲਾਕ ਕੋਆਰਡੀਨੇਟਰ ਅਤੇ ਬਲਾਕ ਆਫਿਸ ਅਸਿਸਟੈਂਟ ਨੂੰ ਤਰਕ ਸੰਗਤ ਅਧਾਰ ਤੇ ਕੰਮ ਵੰਡ ਕੇ ਦੇਣ ਲਈ ਕਿਹਾ ਗਿਆ ਸੀ, ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਕੁੱਝ ਇਕ ਜ਼ਿਲ੍ਹਿਆਂ ਦੇ ਨਿਰੀਖਣ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਹੁਣ ਜਦੋਂ ਬਲਾਕ ਆਫਿਸ ਅਸਿਸਟੈਂਟ ਜਾਂ ਅਸਿਸਟੈਂਟ ਬਲਾਕ ਕੋਆਰਡੀਨੇਟਰ ਨਿਯੁਕਤ ਕੀਤੇ ਜਾ ਚੁੱਕੇ ਹਨ ਤਾਂ ਬਲਾਕਾਂ ਵਿੱਚ ਪਹਿਲਾਂ ਹੀ ਤੈਨਾਤ ਕਲਰਕਾਂ ਨੇ ਵੀ ਕੰਮ ਕਰਨਾ ਬੰਦ ਕਰ ਦਿੱਤਾ ਹੈ । ਉਨ੍ਹਾਂ ਵੱਲੋਂ ਸਾਰੇ ਦਾ ਸਾਰਾ ਕੰਮ ਬਲਾਕ ਆਫਿਸ ਅਸਿਸਟੈਂਟ ਨੂੰ ਦੇ ਦਿੱਤਾ ਗਿਆ ਹੈ ਜੋ ਕਿ ਨਿਯਮਾਂ ਅਨੁਸਾਰ ਬਿਲਕੁਲ ਗਲਤ ਹੈ ।

3.0 ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਸੂਰਤ ਵਿੱਚ ਕਲਰਕ ਦਾ ਕੰਮ ਬਲਾਕ ਆਫਿਸ ਅਸਿਸਟੈਂਟ ਜਾਂ ਅਸਿਸਟੈਂਟ ਬਲਾਕ ਕੋਆਰਡੀਨੇਟਰ ਤੋਂ ਨਾ ਕਰਵਾਇਆ ਜਾਵੇ । ਇਸ ਦੇ ਨਾਲ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਹਾਇਕ ਬਲਾਕ ਕੋਆਰਡੀਨੇਟਰ ਅਤੇ ਬਲਾਕ ਆਫਿਸ ਅਸਿਸਟੈਂਟ ਵਿੱਚਕਾਰ ਕੰਮ ਦੀ ਵੰਡ ਇਸ ਤਰੀਕੇ ਨਾਲ ਕੀਤੀ ਜਾਵੇ ਕਿ ਪਹਿਲਾਂ ਸਹਾਇਕ ਬਲਾਕ ਕੋਆਰਡੀਨੇਟਰ ਕੋਲ ਪੂਰਾ-ਪੂਰਾ ਕੰਮ ਹੋਵੇ ਕਿਉਂ ਕਿ ਉਸ ਨੂੰ ਸਰਵ ਸਿੱਖਿਆ ਅਭਿਆਨ ਵੱਲੋਂ ਜ਼ਿਆਦਾ ਤਨਖਾਹ ਦਿੱਤੀ ਜਾ ਰਹੀਂ ਹੈ ਅਤੇ ਮੈਰਿਟ ਤੇ ਵੀ ਉੱਪਰ ਆਏ ਹਨ ।

4.0 ਇਸ ਤੋਂ ਇਲਾਵਾ ਸਹਾਇਕ ਮੈਨੇਜਰ ਮਿਡ ਡੇ ਮੀਲ ਤੋਂ ਵੀ ਮਿਡ ਡੇ ਮੀਲ ਦਾ ਸਾਰਾ ਕੰਮ ਲਿਆ ਜਾਵੇ ਅਤੇ ਜੇਕਰ ਉਸ ਪਾਸ ਕੰਮ ਦੀ ਬਹੁਤਾਇਤ ਨਾ ਹੋਵੇ ਤਾਂ ਉਸ ਤੋਂ ਹੋਰ ਕੰਮ ਲੈਣ ਬਾਰੇ ਸੋਚਿਆ ਜਾਵੇ ।

ਸਹੀ/-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**